कक्षा - 9th

विषय- पंजाबी

समय- तीन घण्टे 15 मिनट | पूर्णांक - 70

## मॉडल पेपर

निर्देश : प्रारम्भ के 15 मिनट परीक्षार्थियों को प्रश्नपत्र पढ़ने के लिए निर्धारित हैं।

ਨੋਟ :- ਇਸ ਪ੍ਰਸ਼ਨ ਪੱਤਰ ਦੇ ਦੋ ਖੰਡ ਹਨ, ਹਰ ਖੰਡ ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

## ਖੰਡ ੳ

20×1=20

1- ਬਹੁ-ਵਿਕਲਪੀ ਪ੍ਰਸ਼ਨ :-

1- 'ਬਾਲ ਕੁਮਾਰੀ' ਦੇ ਕਹਾਣੀਕਾਰ ਦਾ ਨਾਂ ਹੈ:-
ੳ) ਮੋਹਨ ਭੰਡਾਰੀ ਅ) ਜਸਬੀਰ ਭੁੱਲਰ
ੲ) ਰਾਜਿੰਦਰ ਕੌਰ ਸ) ਸੁਜਾਨ ਸਿੰਘ।

2- 'ਵੱਡੀ ਧੀ' ਕਹਾਣੀ ਦੀ ਲੇਖਿਕਾ ਹੈ:-
ੳ) ਰਾਜਿੰਦਰ ਕੌਰ ਅ) ਹਰਸ਼ਰਨ ਕੌਰ
ੲ) ਅਮ੍ਰਿਤਾ ਪ੍ਰੀਤਮ ਸ) ਡਾ. ਹਰਮੀਤ।

3- 'ਗੁਰੂ ਗੋਬਿੰਦ ਸਿੰਘ' ਜੀ ਦੀ ਰਚਨਾ ਹੈ:-
ੳ) ਮਿਠ ਬੋਲੜਾ ਜੀ ਅ) ਸਾਂ ਪਿਉ ਪਗਰਿ
ੲ) ਚੰਡੀ ਦੀ ਵਾਰ ਸ) ਸਾਈ ਬਾਤ ਹੈ ਚੰਗੀ।

4) 'ਇੱਕਨੀ' ਕਹਾਣੀ ਦੇ ਕਹਾਣੀਕਾਰ ਹਨ:-
ੳ) ਮੋਹਨ ਭੰਡਾਰੀ ਅ) ਦੇਵਿੰਦਰ ਸਤਿਆਰਥੀ
ੲ) ਗੁਰਚਰਨ ਸਿੰਘ ਜਸੂਜਾ ਸ) ਗੁਰਬਚਨ ਸਿੰਘ।

5) 'ਬੇਬੇ ਰਾਮ ਭਜਨੀ' ਨਾਟਕ ਵਿੱਚ ਮੁੱਖ ਪਾਤਰ ਹੈ:-
ੳ) ਸਾਧੂ ਅ) ਗੁਆਂਢਣ
ੲ) ਪਾਂਧਾ ਸ) ਰਾਮ ਭਜਨੀ।

अनुमोदित
[signature]

Downloaded from cclchapter.com
Scanned with DocScan

6) 'ਦੁੱਧ ਦੇਣ ਵਾਲੀ ਬੱਕਰੀ' ਦੇ ਇਕਾਂਗੀਕਾਰ ਹਨ:-
ੳ) ਪ੍ਰੋ. ਆਈ. ਸੀ. ਨੰਦਾ ਅ) ਮੋਹਨ ਭੰਡਾਰੀ
ੲ) ਗੁਰਚਰਨ ਸਿੰਘ ਜਸੂਜਾ ਸ) ਦਵਿੰਦਰ ਸਤਿਆਰਥੀ।

7) 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਹੈ:-
ੳ) ਗੁਰੂ ਗੋਬਿੰਦ ਸਿੰਘ ਜੀ ਅ) ਗੁਰੂ ਅਰਜਨ ਦੇਵ ਜੀ
ੲ) ਭਾਈ ਗੁਰਦਾਸ ਜੀ ਸ) ਗੁਰੂ ਨਾਨਕ ਦੇਵ ਜੀ।

8) 'ਭਾਈ ਗੁਰਦਾਸ ਜੀ' ਦੀ ਰਚਨਾ ਹੈ:-
ੳ) ਮਾਂ ਪਿਉ ਪਰਹਰਿ ਅ) ਤੁਮ ਦਾਤੇ ਠਾਕੁਰ
ੲ) ਗਗਨ ਮੈਂ ਥਾਲੁ ਸ) ਬਾਬਰ ਵਾਣੀ।

9) "ਗੁਰੂ ਅਰਜਨ ਦੇਵ" ਜੀ ਦੀ ਰਚਨਾ ਹੈ:-
ੳ) ਤੂੰ ਮੇਰਾ ਪਿਤਾ, ਤੂੰ ਹੈਂ ਮੇਰਾ ਮਾਤਾ ਅ) ਹਰ ਪਰਗਟਿਆ ਨਾਨਕ
ੲ) ਸਤਿਗੁਰ ਨਾਨਕ ਪ੍ਰਗਟਿਆ ਸ) ਸੱਤੀ ਦਾ ਇਮਤਿਹਾਨ

10) "ਲਾਲ ਕਿਰਪਾ ਸਾਗਰ" ਜੀ ਦੀ ਰਚਨਾ ਹੈ:-
ੳ) ਹੀਰ ਦੀ ਸੁੰਦਰਤਾ ਅ) ਕਹਿਰ ਦੀਆਂ ਕਣਾਂ
ੲ) ਸ਼ੇਰੇ ਪੰਜਾਬ ਸ) ਮੇਰਾ ਪੰਜਾਬ ਦੇਸ਼।

11) "ਮੇਰਾ ਮਨ ਲੋਚੈ ਗੁਰਦਰਸਨ ਤਾਈ" ਰਚਨਾ ਹੈ:-
ੳ) ਗੁਰੂ ਅਰਜਨ ਦੇਵ ਜੀ ਅ) ਗੁਰੂ ਗੋਬਿੰਦ ਸਿੰਘ ਜੀ
ੲ) ਗੁਰੂ ਨਾਨਕ ਦੇਵ ਜੀ ਸ) ਭਾਈ ਗੁਰਦਾਸ ਜੀ।

12) 'ਕਿੱਸਾ' ਰਚਨਾ ਹੈ:-
ੳ) ਦਮੋਦਰ ਅ) ਸ਼ਾਹ-ਹੁਸੈਨ
ੲ) ਬਾਬਾ ਫ਼ਰੀਦ ਸ) ਹਾਸ਼ਮ।

13) "ਪਸ਼ੂ-ਪੰਛੀ ਪਿਆਰ" ਲੇਖ ਦੇ ਲੇਖਕ ਹਨ:-
ੳ) ਪਿਆਰਾ ਸਿੰਘ ਦਾਤਾ ਅ) ਬਲਰਾਜ ਸਾਹਨੀ
ੲ) ਲਾਲ ਸਿੰਘ ਕਮਲਾ ਅਕਾਲੀ ਸ) ਸੁਜਾਨ ਸਿੰਘ।

अनुमोदित
J Kaur

Downloaded from cclchapter.com
Scanned with DocScan

14) 'ਮਹਾਨ ਹੈ ਉਹ ਵਿਸਮਰਤੀ' ਲੇਖ ਹੈ:-
ੳ) ਗੁਰਚਰਨ ਸਿੰਘ ਜਸੂਜਾ  ਅ) ਗੁਰਬਚਨ ਸਿੰਘ ਭੁੱਲਰ
ੲ) ਬਲਰਾਜ ਸਾਹਨੀ  ਸ) ਪਿਆਰਾ ਸਿੰਘ ਦਾਤਾ।

15) 'ਭਾਈ ਨੰਦ ਲਾਲ ਜੀ' ਕਿਸ ਦੇ ਭਗਤ ਸਨ:-
ੳ) ਦੇਵੀ ਦੇਵਤਾ ਦੇ  ਅ) ਗੁਰੂ ਨਾਨਕ ਦੇਵ ਜੀ ਦੇ
ੲ) ਗੁਰੂ ਅਰਜਨ ਦੇਵ ਜੀ ਦੇ  ਸ) ਗੁਰੂ ਗੋਬਿੰਦ ਸਿੰਘ ਜੀ ਦੇ।

16) ਸੰਨ 1630 ਵਿਚ 'ਹਿੰਦ ਦਾ ਬਾਦਸ਼ਾਹ' ਕੌਣ ਸੀ:-
ੳ) ਔਰੰਗਜ਼ੇਬ  ਅ) ਅਕਬਰ
ੲ) ਸ਼ਾਹਜਹਾਨ  ਸ) ਜਹਾਂਗੀਰ।

17) 'ਭਾਈ ਨੰਦਲਾਲ' ਜੀ ਰਚਨਾ ਹੈ:-
ੳ) ਬਲਰਾਜ ਸਾਹਨੀ  ਅ) ਪਿਆਰਾ ਸਿੰਘ ਦਾਤਾ
ੲ) ਲਾਲ ਸਿੰਘ ਕਮਲਾ ਅਕਾਲੀ  ਸ) ਗੁਰਬਚਨ ਸਿੰਘ ਭੁੱਲਰ।

18) 'ਰੱਜੀ-ਪੁੱਜੀ ਮਿੱਟੀ' ਦੇ ਲੇਖਕ ਹਨ:-
ੳ) ਬਲਰਾਜ ਸਾਹਨੀ  ਅ) ਲਾਲ ਕ੍ਰਿਪਾ ਸਾਗਰ
ੲ) ਗੁਰਬਚਨ ਸਿੰਘ ਭੁੱਲਰ  ਸ) ਲਾਲ ਸਿੰਘ ਕਮਲਾ ਅਕਾਲੀ

19) 'ਗੁਰਬਚਨ ਸਿੰਘ ਭੁੱਲਰ' ਜੀ ਦੀ ਰਚਨਾ ਹੈ:-
ੳ) ਬਾਲ ਕੁਮਾਰੀ  ਅ) ਭਾਈ ਨੰਦਲਾਲ ਜੀ
ੲ) ਪਸ਼ੂ ਪੰਛੀ ਪਿਆਰ  ਸ) ਮਹਾਨ ਹੈ ਉਹ ਵਿਸਮਰਤੀ।

20) ਇਨ੍ਹਾਂ ਵਿਚ ਕੌਣ ਪੰਜਾਬੀ ਕਹਾਣੀਕਾਰ ਹਨ:-
ੳ) ਸ. ਚਰਨ ਸਿੰਘ ਸ਼ਹੀਦ  ਅ) ਬਾਬਾ ਫਰੀਦ
ੲ) ਭਾਈ ਵੀਰ ਸਿੰਘ ਜੀ  ਸ) ਗੁਰਬਚਨ ਸਿੰਘ ਭੁੱਲਰ।

2- ਹੇਠ ਲਿਖੇ ਪੈਰ੍ਹਿਆਂ ਵਿਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:- 5

ੳ) "ਭਾਈ-ਭੈਣ, ਮਾਂ-ਪਿਉ ਤੇ ਹੋਰ ਨਜ਼ਦੀਕੀਆਂ ਨਾਲ ਸਾਰੀ ਦੁਨੀਆਂ ਪਿਆਰ ਕਰਦੀ ਹੈ, ਰੂਪ ਰੰਗ ਸਾਰਿਆਂ ਨੂੰ ਖਿਚ ਪਾਉਂਦੇ ਹਨ ਤੇ ਜਿਥੋਂ ਪ੍ਰਾਪਤੀ ਹੋਵੇ ਉਸ ਵੱਲ ਹਰ ਪ੍ਰਾਣੀ ਸਾਡੂ ਹਿਤ ਨਾਲ-

अनुमोदित
J Kaur

Downloaded from cclchapter.com
Scanned with DocScan

ਦੇਖਦਾ ਹੈ। ਪਰ ਅਸਲੀ ਨਿਰੋਲ ਪਿਆਰ ਉਹ ਚੀਜ਼ ਹੈ ਜੋ ਲੈਣ
ਦੇਣ ਸੁਆਉ ਤੇ ਕਾਮਨਾ ਤੋਂ ਬਰੀ ਹੋਵੇ। ਇਹ ਹੋਇਆ ਜਦ
ਮੈਂ ਕਾਲਜ ਦਾ ਪੜ੍ਹਾਕੂ ਸਾਂ, ਪਿੰਡ ਵਿੱਚ ਇਕ ਮੂੜ੍ਹ ਛਿਟ
ਮੱਟ ਕੋਲ ਖਲੋਣਾ ਪੈ ਗਿਆ, ਲੰਘਦੇ ਜਾਂਦੇ ਕੁੱਤੇ ਨੂੰ ਦੇਖ ਕੇ ਆਖਣ
ਲੱਗਾ ਵਿਚਾਰਾ ਦਰਵੇਸ਼ ਹੈ।

ਅ) ਸ਼ਾਲੀਮਾਰ ਬਾਗ਼ ਜਾ ਪੁੱਜੇ, ਜਿੱਥੇ (ਜਾਂ) ਪੰਝੀ ਸਾਲ ਹੋਏ ਮੈਂ ਪਹਿਲੀ ਵਾਰ
ਸਿਗਰਟ ਫੂਕਿਆ ਸੀ ਤੇ ਖੰਘ - ਖੰਘ ਕੇ ਬੁਰੇ ਹਾਲ ਹੋ ਗਿਆ
ਸਾਂ। ਮੈਂ ਤੇ ਇੱਕ ਮੇਰਾ ਪਿਆਰਾ ਦੋਸਤ ਸ਼ਾਹ-ਮਸ਼ਾਹ ਸਾਈਕਲਾਂ
ਫੜ ਕੇ ਸ਼ਾਲੀਮਾਰ ਵੱਲ ਟੁਰ ਪੈਂਦੇ ਸਾਂ। ਦਿਲ ਵਿੱਚ ਦੰਘੀਆਂ
ਆਸਾਂ - ਅੱਜ ਜ਼ਰੂਰ ਕੋਈ ਹਸੀਨਾ ਦਿੱਸੇਗੀ, ਮੇਰੇ ਵੱਲ ਚਾਅ
ਨਾਲ ਵੇਖੇਗੀ।

3- ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿੱਸੇ ਇੱਕ ਦੀ ਪ੍ਰਸੰਗ ਸਹਿਤ
ਵਿਆਖਿਆ ਕਰੋ:- - 5

ੳ) "ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ
ਤੂੰ ਮੇਰਾ ਰਾਖਾ ਸਭਨੀ ਥਾਈਂ ਤਾਂ ਭਉ ਕੇਹਾ ਕਾੜਾ ਜੀਉ ॥੧॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ
ਤੂੰ ਮੇਰਾ ਓਟ ਤੂੰ ਹੈਂ ਮੇਰਾ ਮਾਣਾ ॥
ਤੁਝ ਬਿਨੁ ਦੂਜਾ ਅਵਰੁ ਨਾ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥

ਅ) "ਫਰੀਦਾ ਜਿਨੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰਿ।
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥"
"ਫਰੀਦਾ ਸਕਰ ਖੰਡੁ ਨਿਵਾਤ ਗੁੜ ਮਾਖਿਉ ਮਾਂਝਾ ਦੁਧੁ।
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥"

4- ਭਾਈ ਗੁਰਦਾਸ ਜੀ ਦੀ ਰਚਨਾ 'ਸਾਂ ਪਿਉ ਪਰਹਰਿ' ਜਾਂ 5
ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਚੰਡੀ ਦੀ ਵਾਰ' ਦਾ
ਸੰਖੇਪ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

5- ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖੋ:- 3x1=3
ੳ) 'ਬਾਬਰ ਵਾਣੀ' ਕਿਸ ਗੁਰੂ ਜੀ ਦੀ ਰਚਨਾ ਹੈ?

अनुमोदित

S.Kaur.

Downloaded from cclchapter.com
Scanned with DocScan

ਅ) "ਮਿਤ੍ਰ ਪਿਆਰੇ" ਨੂੰ ਕਿਸ ਗੁਰੂ ਜੀ ਦੀ ਰਚਨਾ ਹੈ?
ੲ) ਦ੍ਰਿਸ਼ਨਾ ਤਰਖਾਣ ਕੀ ਕੰਮ ਕਰਦਾ ਸੀ?
ਸ) ਕਹਾਣੀ ਨਿੱਕੀ ਬੂਟੀ ਦਾ ਸੂਟ ਵਿੱਚ ਲੇਖਕ ਭੂਆ ਲਈ ਕੀ ਲੈ ਕੇ ਜਾਂਦਾ ਹੈ?
ਹ) ਘੋਟਣਾ ਕਿਸਨੂੰ ਕਿਹਾ ਜਾਂਦਾ ਹੈ?

6- 'ਘੋਟਣਾ' ਕਹਾਣੀ ਦੇ ਲੇਖਕ ਦਾ ਨਾਂ ਦੱਸਦੇ ਹੋਏ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 4+1=5

ਜਾਂ

ਇਕਾਂਗੀ- 'ਬੇਬੇ ਰਾਮ ਭਜਨੀ' ਦੇ ਇਕਾਂਗੀਕਾਰ ਦਾ ਨਾਂ ਦੱਸਦੇ ਹੋਏ- ਇਕਾਂਗੀ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

## ਖੰਡ ਅ

3x1=3

7- ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਤਿੰਨ ਮੁਹਾਵਰਿਆਂ ਨੂੰ ਆਪਣੇ ਵਾਕਾਂ ਵਿੱਚ ਵਰਤੋ:-
ਉਸਤਾਦੀ ਕਰਨੀ, ਅੱਤ ਚੁੱਕਣੀ, ਇੱਕੋ ਅੱਖ ਨਾਲ ਵੇਖਣਾ, ਈਦ ਦਾ ਚੰਨ ਹੋਣਾ, ਪੱਖ ਵਟਾਉਣਾ, ਹੱਥ ਪੈਰ ਮਾਰਨਾ।

8- ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:- 4x½=2
ਸ਼ੇਰ, ਮਿੱਤਰ, ਮੁੰਡਾ, ਪੰਡਤ।

9- ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:- 2x1=2
ੳ) ਕਵਿਤਾ ਲਿਖਣ ਵਾਲਾ-
ਅ) ਜਿਸ ਨੂੰ ਰੱਬ ਤੇ ਵਿਸ਼ਵਾਸ ਹੋਵੇ-

4x½=2

10- ੳ) ਹੇਠ ਲਿਖੇ ਮੂਲ ਸ਼ਬਦਾਂ ਦੇ 'ਅਗੇਤਰ' ਲਾ ਕੇ ਸ਼ਬਦ ਬਣਾਓ:-
ਉਪ, ਅਧ।
ਅ) ਹੇਠ ਲਿਖਿਆਂ ਨੂੰ ਮੂਲ ਸ਼ਬਦਾਂ ਦੇ 'ਪਿਛੇਤਰ' ਲਾ ਕੇ ਸ਼ਬਦ ਬਣਾਓ:-
ਆਰਟ, ਲੂ।

11- ਹੇਠ ਲਿਖੇ ਪੈਰ੍ਹੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ:- 3
ੳ) योग एक कला है जो हमारे शरीर, मन और आत्मा को

अनुमोदित
J.Kaur

Downloaded from cclchapter.com
Scanned with DocScan

एक साथ जोड़ता है और हमें मजबूत और शांतिपूर्ण बनाता है। योग आवश्यक है क्योंकि यह हमें फिट रखता है, तनाव को कम करने में मदद करता है और समग्र स्वास्थ्य को बनाए रखता है।

ਅ) ਹੇਠ ਲਿਖੇ ਪੈਰ੍ਹੇ ਦਾ ਹਿੰਦੀ ਵਿੱਚ ਅਨੁਵਾਦ ਕਰੋ:- (3)

" ਬਾਲ ਨਾਨਕ ਛੋਟੀ ਉਮਰ ਤੋਂ ਹੀ ਕੁਝ ਵਿਸ਼ੇਸ਼ਤਾਈਆਂ ਸਨ ਜੋ ਆਮ ਬਾਲਕਾਂ ਵਿਚ ਨਹੀਂ ਹੋਇਆਂ ਕਰਦੀਆਂ। ਪਰ- ਮਾਪਿਆਂ ਦੀ ਨਜ਼ਰ ਵਿੱਚ ਉਹ ਇੱਕ ਸਧਾਰਨ ਬਾਲਕ ਸੀ ਜਿਸ ਲਈ ਉਹ ਉਸਨੂੰ ਹੋਰ ਬਾਲਕਾਂ ਵਾਂਗੂੰ ਵਿਚਰਦਾ ਵੇਖਣਾ ਚਾਹੁੰਦੇ ਸਨ।

(12)- ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਤੇ ਭਾਵਪੂਰਤ ਲੇਖ ਲਿਖੋ:- (8)

ੳ) ਕੰਪਿਊਟਰ ਯੁੱਗ
ਅ) ਬੇਰੁਜ਼ਗਾਰੀ ਦੀ ਸਮੱਸਿਆ
ੲ) ਗੁਰੂ ਗੋਬਿੰਦ ਸਿੰਘ ਜੀ
ਸ) ਅੱਖੀਂ ਡਿੱਠਾ ਮੇਲਾ।

(13)- ਆਪਣੇ ਮਿੱਤਰ / ਸਹੇਲੀ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਅਤੇ ਖੇਡਾਂ ਵਿਚ ਬਰਾਬਰ ਦਿਲਚਸਪੀ ਲਵੇ। (4)

ਜਾਂ

ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਬਿਮਾਰੀ ਦੀ ਛੁੱਟੀ ਲੈਣ ਲਈ ਚਿੱਠੀ ਲਿਖੋ।

अनुमोदित - IKaur.
Inderjeet Kaur
Guru Nanak Vidyalaya
Girls Inter College
Chander Nagar LKO
7318442117.

Downloaded from cclchapter.com
Scanned with DocScan